# ਦਫਤਰ ਨਗਰ ਨਿਗਮ ਹੁਸ਼ਿਆਰਪੁਰ।
# ਪ੍ਰੈਸ ਨੋਟ

## ਆਕਾਸ਼ ਕਲੋਨੀ ਵਿਖੇ 32 ਲੱਖ ਰੁਪਏ ਲਾਗਤ ਨਾਲ ਪ੍ਰੀ-ਮਿਕਸ ਪਾਉਣ ਦੇ ਕੰਮ ਦੀ ਤਿਕਸ਼ਨ ਸੂਦ ਨੇ ਕੀਤੀ ਸ਼ੁਰੂਆਤ

ਹੁਸ਼ਿਆਰਪੁਰ 31 ਜੁਲਾਈ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਵਾਰਡ ਨੰ: 16 ਦੀ ਆਕਾਸ਼ ਕਲੋਨੀ ਵਿਖੇ 32 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਨੂੰ ਪ੍ਰੀ-ਮਿਕਸ ਪਾ ਕੇ ਬਣਾਉਣ ਦੇ ਕੰਮ ਦੀ ਸ਼ੁਰੂਆਤ ਕੀਤੀ। ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਵੀ ਇਸ ਮੌਕੇ ਤੇ ਉਨਾਂ ਦੇ ਨਾਲ ਸਨ। ਤਿਕਸ਼ਨ ਸੂਦ ਨੇ ਇਸ ਮੌਕੇ ਤੇ ਜਾਣਕਾਰੀ ਦਿੰਦਿਆ ਦੱਸਿਆ ਕਿ ਹੁਸ਼ਿਆਰਪੁਰ ਦੀ ਨਗਰ ਕੌਂਸਲ ਦਾ ਦਰਜਾ ਵੱਧਾ ਕੇ ਨਗਰ ਨਿਗਮ ਕਰਨ ਉਪਰੰਤ ਹੁਸ਼ਿਆਰਪੁਰ ਨੂੰ ਵਿਕਾਸ ਕਾਰਜਾਂ ਲਈ ਕਰੋੜਾਂ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ ਜਿਸ ਨਾਲ ਮੇਅਰ ਸ਼ਿਵ ਸੂਦ ਦੀ ਅਗਵਾਈ ਵਿੱਚ ਰੋਜਾਨਾਂ ਨਵੇਂ ਵਿਕਾਸ ਕਾਰਜ ਆਰੰਭ ਕੀਤੇ ਜਾ ਰਹੇ ਹਨ ਜਿਸ ਨਾਲ ਹੁਸ਼ਿਆਰਪੁਰ ਸ਼ਹਿਰ ਤੱਰਕੀ ਦੀ ਰਾਹ ਵੱਲ ਵੱਧ ਰਿਹਾ ਹੈ। ਉਨਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀ ਆਉਣ ਦਿੱਤੀ ਜਾਵੇਗੀ। ਵਾਰਡ ਨੰ: 16 ਦੇ ਕੌਂਸਲਰ ਨਰਿੰਦਰ ਕੌਰ ਨੇ ਤਿਕਸ਼ਨ ਸੂਦ, ਸ਼ਿਵ ਸੂਦ, ਪ੍ਰੇਮ ਸਿੰਘ ਪਿੱਪਲਾਂਵਾਲਾ ਅਤੇ ਆਏ ਹੋਏ ਪੰਤਵਤਿਆਂ ਦਾ ਧੰਨਵਾਦ ਕੀਤਾ।

ਨਗਰ ਨਿਗਮ ਦੇ ਜੇ.ਈ ਲਵਦੀਪ ਕੁਮਾਰ,ਜਗਤਾਰ ਸਿੰਘ ਸੈਣੀ, ਕੌਂਸਲਰ ਨਰਿੰਦਰ ਕੌਰ, ਕੁਲਵੰਤ ਸਿੰਘ ਸੈਣੀ, ਵਿਕਰਮ ਮਹਿਤਾ, ਭਾਜਪਾ ਆਗੂ ਮੁੱਖੀ ਰਾਮ, ਰਾਮਦੇਵ ਯਾਦਵ, ਮਨਜੀਤ ਸਿੰਘ, ਅਰਿਆਣਾ ਰਾਮ, ਰਾਜ ਕੁਮਾਰ, ਸਵਰਨ ਚੰਦ, ਰਜਿੰਦਰ ਕੁਮਾਰ, ਗੁਰਦਾਸ ਸਿੰਘ, ਅਮਰਜੀਤ ਸੋਢੀ, ਵਿਜੇ ਕੁਮਾਰ, ਹਕੀਕਤ ਰਾਏ, ਜ਼ੋਗਰਾਜ, ਗੁਰਤੇਜ਼ ਸਿੰਘ, ਡਾ ਜ਼ਸਵੰਤ ਰਾਏ, ਕੁਲਦੀਪ ਕੌਰ, ਬਲਜੀਤ ਕੌਰ, ਸੁਰਜੀਤ ਕੌਰ, ਇੰਦਰਜੀਤ ਕੌਰ, ਦੀਪੋ ਅਤੇ ਆਕਾਸ਼ ਕਲੋਨੀ ਦੇ ਨਿਵਾਸੀ ਵੀ ਵੱਡੀ ਗਿਣਤੀ ਵਿੱਚ ਇਸ ਮੌਕੇ ਤੇ ਹਾਜਰ ਸਨ।